**ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ**
**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 ਐਸ.ਏ.ਐਸ ਨਗਰ**
**ਫੋਨ ਨੰਬਰ: 0172-2212221**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.)
ਸਮੂਹ ਡਾਇਟ ਪ੍ਰਿੰਸੀਪਲ,
ਸਮੂਹ ਸਕੂਲ ਮੁੱਖੀ , ਪੰਜਾਬ।

ਮੀਮੋ ਨੰ:- SCERT/SCI/2021247742
ਮਿਤੀ: 22-07-2021

**ਵਿਸ਼ਾ-:ਸਰਕਾਰੀ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਮਿਤੀ 26 ਅਤੇ 27 ਜੁਲਾਈ 2021 ਨੂੰ ਮਾਪੇ-ਅਧਿਆਪਕ ਮਿਲਣੀ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ 6ਵੀਂ ਜਮਾਤ ਤੋਂ ਲੈ ਕੇ 12ਵੀਂ ਜਮਾਤ ਤੱਕ ਪੜ੍ਹਦੇ ਵਿਦਿਆਰਥੀਆਂ ਦਾ ਜੁਲਾਈ ਪ੍ਰੀਖਿਆਵਾਂ ਦਾ ਵਿਸ਼ਾਵਾਰ ਮੁਲਾਂਕਣ ਕਰਕੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਸਬੰਧੀ ਮਾਪਿਆਂ ਨੂੰ ਜਾਣੂੰ ਕਰਵਾਉਣ ਦੇ ਉਦੇਸ਼ ਨਾਲ ਮਿਤੀ 26.07.2021 ਅਤੇ 27.07.2021 ਨੂੰ ਮਾਪੇ-ਅਧਿਆਪਕ ਮਿਲਣੀ ਕਰਵਾਈ ਜਾ ਰਹੀ ਹੈ।

3.0 ਸਰਕਾਰ ਵੱਲੋਂ ਜਾਰੀ ਕੋਵਿਡ-19 ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ, ਇਹ ਮਾਪੇ-ਅਧਿਆਪਕ ਮਿਲਣੀ ਆਫ਼ਲਾਇਨ/ਆਨਲਾਇਨ ਕਰਵਾਈ ਜਾ ਸਕਦੀ ਹੈ। ਮਾਪੇ-ਅਧਿਆਪਕ ਮਿਲਣੀ ਨੂੰ ਸਕਾਰਾਤਮਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਇਹ ਮਿਲਣੀ ਹੇਠ ਲਿਖੇ ਏਜੰਡੇ ਤਹਿਤ ਕਰਵਾਈ ਜਾਵੇ:-

- ਜੁਲਾਈ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਨੂੰ ਮਾਪਿਆਂ ਨਾਲ ਸਾਂਝਾ ਕਰਨਾ।
- ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੀਆਂ ਲਗਾਈਆਂ ਜਾਣ ਵਾਲੀਆਂ ਆਨਲਾਇਨ ਕਲਾਸਾਂ ਦੇ ਸ਼ਡਿਊਲ ਅਤੇ ਸਮਾਂ ਸਾਰਣੀ ਨੂੰ ਮਾਪਿਆਂ ਨਾਲ ਸਾਂਝਾ ਕਰਨਾ।
- ਅਧਿਆਪਕਾਂ ਵੱਲੋਂ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਰੈਗੂਲਰ ਆਨਲਾਇਨ ਕਲਾਸਾਂ ਲਗਾਉਣ ਅਤੇ ਹੋਮਵਰਕ ਕਰਨ ਲਈ ਪ੍ਰੇਰਿਤ ਕਰਨ ਲਈ ਸੰਵੇਦਨਸ਼ੀਲ ਕਰਨਾ।
- ਸਿੱਖਿਆ ਵਿਭਾਗ ਵੱਲੋਂ ਟੀ.ਵੀ. ਚੈਨਲਾਂ ਦੇ ਮਾਧਿਅਮ ਰਾਹੀਂ ਚੱਲ ਰਹੀਆਂ ਕਲਾਸਾਂ ਸਬੰਧੀ ਜਾਣੂ ਕਰਵਾਉਣਾ ਅਤੇ ਸਮਾਂ ਸਾਰਣੀ ਨੂੰ ਸਾਂਝਾ ਕਰਨਾ।
- ਵਿਦਿਆਰਥੀਆਂ ਦੀ ਬੇਹਤਰ ਪੜ੍ਹਾਈ ਲਈ ਵਿਭਾਗ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਅਤੇ ਸਕੂਲ ਵਿੱਚ ਉਪਲਬੱਧ ਸਹੂਲਤਾਂ ਬਾਰੇ ਕਮਿਊਨਿਟੀ ਨੂੰ ਜਾਣੂ ਕਰਵਾਣਾ।
- ਮਾਪੇ ਅਧਿਆਪਕ ਮਿਲਣੀ ਰਾਹੀਂ ਸਕੂਲ ਦੀਆਂ ਚੰਗੀਆਂ ਗਤੀਵਿਧੀਆਂ ਨੂੰ ਪ੍ਰੋਜੈਕਟਰ ਰਾਹੀਂ ਪੇਸ਼ ਕਰਨਾ।
- ਮਾਪਿਆਂ ਨੂੰ ਖਾਸਤੌਰ 'ਤੇ NAS (National Achievement Survey)ਸਬੰਧੀ ਜਾਣਕਾਰੀ ਮੁਹੱਈਆ ਕਰਵਾਉਣਾ।
- ਮਾਪਿਆਂ ਨੂੰ ਲਾਇਬ੍ਰੇਰੀ ਲੰਗਰ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਅੰਦਰ ਕਿਤਾਬਾਂ ਪੜ੍ਹਣ ਦੀਆਂ ਚੰਗੀਆਂ ਆਦਤਾਂ ਪੈਦਾ ਕਰਨ ਦੇ ਮੰਤਵ ਬਾਰੇ ਦੱਸਣਾ।

4.0 ਮਾਪੇ-ਅਧਿਆਪਕ ਮਿਲਣੀ ਨੂੰ ਸਫ਼ਲ ਬਣਾਉਣ ਲਈ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ:-

Scanned with CamScanner

- ਇਸ ਮਿਲਣੀ ਨੂੰ ਸਫ਼ਲ ਬਣਾਉਣ ਲਈ ਸਮੂਹ ਅਧਿਕਾਰੀ, ਸਕੂਲ ਮੁੱਖੀ/ਅਧਿਆਪਕ ਅਤੇ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਮੈਂਬਰ ਅਨਾਊਂਸਮੈਂਟ ਕਰਵਾਕੇ, ਪੋਸਟਰ ਜਾਰੀ ਕਰਕੇ, ਆਡੀਓ/ਲਿਖਤ ਮੈਸੇਜ ਕਰਕੇ ਸਾਰੇ ਮਾਪਿਆਂ ਅਤੇ ਕਮਿਊਨਿਟੀ ਮੈਂਬਰਾਂ ਨੂੰ ਅਗੇਤ ਵਿੱਚ ਜਾਣੂ ਕਰਵਾਉਣਗੇ।
- ਮਿਲਣੀ ਤੋਂ ਪਹਿਲਾ ਸਕੂਲ ਮੁਖੀਆਂ ਵੱਲੋਂ ਸਟਾਫ਼ ਨਾਲ ਮੀਟਿੰਗ ਕੀਤੀ ਜਾਵੇ ਅਤੇ ਮਿਲਣੀ ਸਬੰਧੀ ਅਹਿਮ ਮੁਦਿੱਆ 'ਤੇ ਗੱਲਬਾਤ ਕੀਤੀ ਜਾਵੇ।
- ਮਾਪੇ ਅਧਿਆਪਕ ਮਿਲਣੀ ਵਿੱਚ ਇਹ ਵਿਸ਼ੇਸ਼ ਤੌਰ ਤੇ ਧਿਆਨ ਰੱਖਿਆ ਜਾਵੇ ਕਿ ਮਾਪੇ ਅਤੇ ਹੋਰ ਕਮਿਊਨਿਟੀ ਮੈਂਬਰਾਂ ਨੂੰ ਪੂਰਾ ਸਤਕਾਰ ਦਿੱਤਾ ਜਾਵੇ, ਉਹਨਾਂ ਦੇ ਬੈਠਣ ਦਾ ਸਹੀ ਇੰਤਜਾਮ ਹੋਵੇ ਅਤੇ ਉਹਨਾਂ ਨੂੰ ਮਿਲਣੀ ਲਈ ਜਿਆਦਾ ਉਡੀਕ ਨਾ ਕਰਨੀ ਪਵੇ।
- ਅਧਿਆਪਕ ਮਾਪੇ ਮਿਲਣੀ ਦੀ ਵੀਡਿਓਜ਼/ਫੋਟੋਆਂ ਸੋਸ਼ਲ ਮੀਡਿਆ ਰਾਹੀਂ ਆਮ ਲੋਕਾਂ ਨਾਲ ਸਾਂਝੀਆਂ ਕੀਤੀਆਂ ਜਾਣ।
- ਇਸ ਤੋਂ ਇਲਾਵਾ ਸਮੂਹ ਅਧਿਕਾਰੀ, ਸਕੂਲ ਮੁੱਖੀ, ਪੜ੍ਹੋ ਪੰਜਾਬ ਟੀਮ ਮੈਂਬਰ ਇਸ ਮਾਪੇ-ਅਧਿਆਪਕ ਮਿਲਣੀ ਵਿੱਚ ਰੈਂਡਮ ਪੱਧਰ 'ਤੇ ਭਾਗ ਲੈਂਦੇ ਹੋਏ ਇਹਨਾਂ ਮਿਲਣੀਆਂ ਨੂੰ ਏਜੰਡੇ ਅਨੁਸਾਰ ਸਾਰੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੁਆਰਾ ਕੀਤੇ ਜਾਣਾ ਯਕੀਨੀ ਬਣਾਉਣਗੇ।
- ਸਕੂਲ ਮੁੱਖੀ ਇਸ ਮਾਪੇ ਅਧਿਆਪਕ ਮਿਲਣੀ ਵਿੱਚ ਆਪ ਵੀ ਭਾਗ ਲੈਂਦੇ ਹੋਏ, ਅਧਿਆਪਕਾਂ ਦਾ ਸਹਿਯੋਗ ਕਰਨਗੇ ਅਤੇ ਇਹਨਾਂ ਮਿਲਣੀਆਂ ਸਬੰਧੀ ਇਕੱਤਰ ਡਾਟੇ ਨੂੰ ਗੂਗਲ ਫਾਰਮ ਰਾਹੀਂ ਨਿਰਧਾਰਿਤ ਪ੍ਰੋਫਾਰਮੇ ਵਿੱਚ ਭਰਨ ਦਾ ਕੰਮ ਕਰਨਗੇ।

ਸ/-

ਜਗਤਾਰ ਸਿੰਘ,ਡਾਇਰੈਕਟਰ

ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।

ਮਿਤੀ: 22-07-2021

ਪਿੱਠ ਅੰਕਣ ਨੰ: ਉਹੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਟੂ ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡੀ.ਪੀ.ਆਈ. (ਸੈ.ਸਿੱ), ਪੰਜਾਬ।

ਸ/-

ਜਗਤਾਰ ਸਿੰਘ,ਡਾਇਰੈਕਟਰ

ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।

[illegible]

Scanned with CamScanner